Code : 820148-$SA_2$(M)

# SUMMATIVE ASSESSMENT- 2
## ਛਿਮਾਹੀ ਪ੍ਰੀਖਿਆ- (2013- 2014)
## ਜਮਾਤ- ਅੱਠਵੀਂ
## ਵਿਸ਼ਾ- ਪੰਜਾਬੀ

**ਸਮਾਂ- 3 ਘੰਟੇ** **ਕੁਲ ਅੰਕ- 90**

**ਜ਼ਰੂਰੀ ਨੋਟ :-** 1. ਪੇਪਰ ਤਰਤੀਬ ਅਨੁਸਾਰ ਹੱਲ ਕਰੋ ।
2. ਲਿਖਾਈ ਦੀ ਸੁੰਦਰਤਾ ਤੇ ਸਪਸ਼ੱਟਤਾ ਦਾ ਧਿਆਨ ਰੱਖੋ ।
3. ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ ।

### ਭਾਗ- ੳ (ਸਾਹਿਤ)

1. (ੳ) ਹੇਠ ਲਿਖੀਆਂ ਕਾਵਿ- ਪੰਕਤੀਆਂ ਦੇ ਅਧਾਰ ਤੇ ਪ੍ਰਸ਼ਨਾਂ ਦੇ ਉਤੱਰ ਦਿਓ :-

ਸਹੁੰ ਤੈਨੂੰ ਲੱਗੇ ਤੇਰੇ ਜੱਲ੍ਹਿਆਂ ਦੇ ਬਾਗ ਦੀ ।
ਸਹੁੰ ਤੈਨੂੰ ਊਧਮਾਂ, ਸਰਾਭਿਆ ਦੇ ਖਾਬ ਦੀ ।
ਰੱਖਣੀ ਏ ਸ਼ਾਨ ਬੀਬਾ ਤੁੰਹੀਓ ਹੀ ਪੰਜਾਬ ਦੀ ।
ਤੇਰੇ ਖਿੜਦੇ ਰਹਿਣ ਗੁਲਾਬ । ਓ ਜੱਟਾ ਜਾਗ ।

1) ਇਸ ਕਵਿਤਾ ਅਤੇ ਕਵੀ ਦਾ ਨਾਂ ਲਿਖੋ । 2
2) ਇਸ ਵਿੱਚ ਕਿਹੜੇ- ਕਿਹੜੇ ਦੇਸ਼- ਭਗਤਾਂ ਦੇ ਨਾਂ ਆਏ ਹਨ ? 1
3) ਪੰਜਾਬ ਦੀ ਇੱਜਤ ਕਿੰਨਾਂ ਨੇ ਰੱਖਣੀ ਹੈ ? 1
4) ਜੱਲ੍ਹਿਆਂ ਵਾਲਾ ਬਾਗ ਕਿਹੜੇ ਸ਼ਹਿਰ ਵਿੱਚ ਹੈ ? 1

(ਅ) 'ਕਿਸਾਨ ਦਾ ਗੀਤ- ਕਵਿਤਾ ਦਾ ਸਾਰ ਲਿਖੋ । **5 x 1 = 5**

2. ਹੇਠਾਂ ਲਿਖੇ ਪ੍ਰਸ਼ਨਾਂ ਦੇ ਉਤੱਰ (30-35) ਸ਼ਬਦਾਂ ਵਿੱਚ ਲਿਖੋ :- (ਕਿਸੇ ਪੰਜਾਂ ਦੇ) **5 x 1 = 10**

1) ਸਰਦਾਰ ਦੇ ਬੱਚੇ ਗਫੂਰ ਕੋਲ ਆਉਣਾ ਕਿਉਂ ਪਸੰਦ ਕਰਦੇ ਸਨ ?
2) ਹਰਨਾਕਸ਼ ਨੇ ਕੀ ਵਰ ਪ੍ਰਾਪਤ ਕੀਤਾ ਸੀ ?
3) ਅਮੀਨਾਂ ਚਿਮਟਾ ਵੇਖ ਕੇ ਖੁਸ਼ ਕਿਉਂ ਨਾ ਹੋਈ ?
4) ਗਫੂਰ ਛੋਟੀ ਕੁੜੀ ਨੂੰ ਕਿਉਂ ਉਠਾ ਕੇ ਲੈ ਗਿਆ ਸੀ ?
5) ਹਰਨਾਕਸ਼ ਦਾ ਅੰਤ ਕਿਵੇਂ ਹੋਇਆ ?
6) ਹਾਮਿਦ ਨੇ ਚਿਮਟਾ ਕਿਉਂ ਖ੍ਰੀਦਿਆ ?
7) ਮੁੰਡਿਆਂ ਨੇ ਪਹਿਲਾਂ ਹਾਮਿਦ ਨੂੰ ਆਪਣੀ ਬਿਰਾਦਰੀ ਵਿਚੋਂ ਕਿਉਂ ਕੱਢ ਦਿੱਤਾ ?

3. ਨਿਮਨ ਲਿਖਤ ਪ੍ਰਸ਼ਨਾਂ ਦੇ ਉਤੱਰ ਇਕ ਸਤਰ ਵਿੱਚ ਲਿਖੋ :- **12 x 1 =12**

(ੳ) ਨੋਬਲ ਐਲਫਰੈਡੱ ਦਾ ਜਨਮ ਕਿੱਥੇ ਹੋਇਆ ?
(ਅ) ਦੂਸ਼ਿਤ ਪਾਣੀ ਪੀਣ ਨਾਲ ਕਿਹੜੇ- ਕਿਹੜੇ ਰੋਗ ਹੁੰਦੇ ਹਨ ?
(ੲ) ਸਿਆਣੇ ਮਨੁੱਖਾਂ ਨੇ ਸਦਾ ਕੀ ਜਾਣਨ ਦੀ ਕੋਸ਼ਿਸ਼ ਕੀਤੀ ਹੈ ?

(ਸ) ਕਿਹੜੇ ਦੋ ਭਾਰਤੀਆਂ ਨੂੰ ਨੋਬਲ ਇਨਾਮ ਮਿਲਿਆ ?
(ਹ) ਵਾਯੂਮੰਡਲ ਵਿੱਚ ਕਿਸ ਗੈਸ ਦੀ ਮਾਤਰਾ ਵੱਧ ਰਹੀ ਹੈ ?
(ਕ) ਚਾਬੀ ਨਾਲ ਚੱਲਣ ਵਾਲੀ ਛੋਟੀ ਘੜੀ ਕਦੋਂ ਬਣੀ ?
(ਖ) ਭੂਪਾਲ ਗੈਸ ਕਾਂਡ ਕਦੋਂ ਵਾਪਰਿਆ ?
(ਗ) ਵਿਰੋਧੀਆਂ ਨੇ ਐਲਫਰੈਡ ਨੋਬਲ ਤੇ ਕੀ ਇਲਜ਼ਾਮ ਲਾਇਆ ?
(ਘ) ਸਾਡੇ ਜਿਉਂਦੇ ਰਹਿਣ ਲਈ ਕੀ ਜਰੂਰੀ ਹੈ ?
(ਙ) ਸਮੇਂ ਦੀ ਸਭ ਤੋਂ ਛੋਟੀ ਇਕਾਈ ਕਿਹੜੀ ਹੈ ?
(ਚ) 'ਪ੍ਰਦੂਸ਼ਣ'- ਪਾਠ ਦਾ ਲੇਖਕ ਕੌਣ ਹੈ ?
(ਛ) ਦੁਨੀਆਂ ਦਾ ਸਰਬ- ਸ੍ਰੇਸ਼ਟ ਇਨਾਮ ਕਿਹੜਾ ਹੈ ?

4. ਸਾਂਈ ਮੀਆਂ ਮੀਰ ਦਾ ਜੀਵਨ ਕਿਸ ਤਰ੍ਹਾਂ ਦਾ ਸੀ ? ਸਾਨੂੰ ਉਨ੍ਹਾਂ ਦੇ ਜੀਵਨ ਤੋਂ ਕੀ ਸਿੱਖਿਆਂ ਮਿਲਦੀ ਹੈ ?
(ਲੱਗਭੱਗ- 100 ਸ਼ਬਦਾਂ ਵਿੱਚ) (4)

ਜਾਂ

ਮਨੋਰੰਜਨ ਮਨੁੱਖੀ ਜੀਵਨ ਲਈ ਬਹੁਤ ਜਰੂਰੀ ਹੈ । ਜੇਕਰ ਤੁਹਾਨੂੰ ਮਨੋਰੰਜਨ ਕਰਨ ਵਾਲੀ ਕੋਈ ਕਲਾਕਾਰੀ ਜਾਂ ਦ੍ਰਿਸ਼ ਬਣਾਉਣ ਲਈ ਕਿਹਾ ਜਾਵੇ ਤਾਂ ਤੁਸੀ ਕੀ ਬਣਾਉਗੇ ? (ਹਾਲ੍ਹੀ ਵੁੱਡ ਦਾ ਯੂਨੀਵਰਸਲ ਸਟੂਡਿਓ)
(ਲੱਗਭੱਗ- 100 ਸ਼ਬਦਾਂ ਵਿੱਚ)

5. (ੳ) ਹੇਠਾਂ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ :- **5 x 1 = 5**
1) "ਹਾਅ ਚਿਮਟਾ ਕਾਹਦੇ ਲਈ ਲੈ ਆਇਐਂ ਕਮਲਿਆ ।
2) "ਮੇਰੇ ਤੋਂ ਵੱਧ ਸ਼ਕਤੀਸ਼ਾਲੀ ਕੋਈ ਨਹੀ ।"
3) ਸਾਰਾ ਦਿਨ ਰੌਂਦੀ ਰਹਿੰਦੀ ਏ,ਬੇਭਾਗ ।"
4) "ਅਸ਼ੀਸ ਭਾਲਦੇ । ਜੁੱਤੀਆਂ ਨਾ ਪੈਣ ।"
5) "ਮੈਂ ਤੇਰੀ ਮਦਦ ਕਰਨੀ ਚਾਹੁੰਨਾ, ਤੂੰ ਨਾਂਹ ਨਾ ਕਰੀ ।"

(ਅ) ਸ਼ਬਦਾਂ ਦੇ ਅਰਥ ਲਿਖੋ :- 1) ਬਨਾਉਟੀ 2) ਦਸਤਾਰ 3) ਔਕੜ 4) ਉਸਤਾਦ **4 x 1 = 4**

## ਭਾਗ- ਅ (ਵਿਆਕਰਨ)

6. ਬਹੁ- ਵਿਕਲਪੀ ਵਿੱਧੀ ਉੱਤੇ ਅਧਾਰਤ ਪੁੱਛੇ ਗਏ ਪ੍ਰਸ਼ਨਾਂ ਦੇ ਠੀਕ ਉੱਤਰ ਚੁਣ ਕੇ (✓) ਦਾ ਨਿਸ਼ਾਨ ਲਗਾਉ :

(ੳ) 1) 'ਰੰਗਦਾਰ' ਦਾ ਵਿਰੋਧੀ ਸ਼ਬਦ ਹੈ :-
(ੳ) ਰੰਗੀਨ (ਅ) ਰੰਗੀਲਾ (ੲ) ਰੰਗਹੀਣ (ਸ) ਰੰਗਤ **5 x 2 = 10**

2) 'ਪਾਪ' ਦਾ ਵਿਰੋਧੀ ਸ਼ਬਦ ਹੈ :-
(ੳ) ਪੁੰਨ (ਅ) ਪਾਪੀ (ੲ) ਪਵਿੱਤਰ (ਸ) ਪਾਪਣ

(ਅ) 1) 'ਦੁਬਲਾ' ਦੇ ਸਹੀ ਸਮਾਨਾਰਥਕ ਚੁਣੋ :-
(ੳ) ਪਤਲੂ, ਕਮਚੋਰ (ਅ) ਦੁਰਬਲ, ਕਮਜੋਰ
(ੲ) ਸਾੜੂ, ਦੁਰਬਲ (ਸ) ਛੋਟੂ, ਨਾਜ਼ੁਕ

2) 'ਬਰਬਾਦੀ' ਦੇ ਸਹੀ ਸਮਾਨਰਥਕ ਚੁਣੋ :- (ੳ) ਵਿਧਾਤਾ, ਤਬਾਹੀ (ਅ) ਆਲਮ, ਨਾਸ਼ਵਾਨ
(ੲ) ਵਿਨਾਸ਼ਤਾ, ਸੁਨਾਮੀ (ਸ) ਵਿਨਾਸ਼, ਤਬਾਹੀ

(ੲ) ਬਹੁਤੇ ਸ਼ਬਦਾਂ ਲਈ ਇਕ ਸ਼ਬਦ ਚੁਣੋ :-

1) ਮਿੱਟੀ ਦੇ ਭਾਂਡੇ ਬਣਾਉਣ ਵਾਲਾ :-

(ੳ) ਠਠਿਆਰ (ਅ) ਘੁਮਿਆਰ (ੲ) ਸੁਨਾਰ (ਸ) ਘਸਿਆਰ

2) ਦੇਸ਼ ਨੂੰ ਪਿਆਰ ਕਰਨ ਵਾਲਾ :-

(ੳ) ਪ੍ਰੇਮੀ (ਅ) ਭਗਤ (ੲ) ਸ਼ਰਧਾਲੂ (ਸ) ਦੇਸ਼- ਭਗਤ

(ਸ) 1) 'ਬੇ'- ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

(ੳ) ਬੇਬੇ (ਅ) ਬੇਸਬਾਲ (ੲ) ਬੇਸਣ (ਸ) ਬੇਅਕਲ

2) 'ਪਰ'- ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

(ੳ) ਪਰਦੇਸ (ਅ) ਪਰਦਾ (ੲ) ਪਰਾਂਦਾ (ਸ) ਪਰਪੋਤਾ

ਹ) 1) ਕਾਰ- ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

ੳ) ਬੇਕਾਰਨ (ਅ) ਨਾਵਲਕਾਰ (ੲ) ਸੁਕਾਰ (ਸ) ਸੜਕਕਾਰ

2) 'ਮਾਨ'- ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

(ੳ) ਸਮਾਨ (ਅ) ਨਿਰਮਾਨ (ੲ) ਬੁੱਧੀਮਾਨ (ਸ) ਕਮਾਨ

7. (ੳ) ਹੇਠਾਂ ਲਿਖੇ ਸ਼ਬਦ ਜੋੜਿਆਂ ਨੂੰ ਵਾਕਾਂ ਵਿੱਚ ਵਰਤ ਕੇ ਅਰਥ- ਭੇਦ ਸਪਸ਼ਟ ਕਰੋ :- 2

(ੳ) ਖਾਦੀ, ਖਾਧੀ (ਅ) ਬਾਨੀ, ਭਾਨੀ

(ਅ) ਨਿਮਨ ਲਿਖਤ ਸ਼ਬਦਾਂ ਦੇ ਸ਼ੁੱਧ ਰੂਪ ਲਿਖੋ :- 2

(ੳ) ਕਵਿ (ਅ) ਅਉਖਾ (ੲ) ਕਉਣ (ਸ) ਭਕਤਿ

8. ਵਿਸ਼ਰਾਮ ਚਿੰਨ੍ਹ ਲਗਾਓ :-

ਕਮਲ ਨੇ ਆਖਿਆ ਜਦੋਂ ਦਾ ਉਹ ਬੀ ਏ ਚੋਂ ਪਹਿਲੇ ਦਰਜੇ ਵਿੱਚ ਪਾਸ ਹੋਇਆ ਹੈ ਉਦੋਂ ਤੋਂ ਉਹ ਸਭ ਦਾ ਹਰਮਨ ਪਿਆਰਾ ਬਣ ਗਿਆ ਹੈ।

9. ਕਹੇ ਅਨੁਸਾਰ ਵਾਕ ਵਟਾਂਦਰਾ ਕਰੋ :- **4 x 1 = 4**

1) ਇਹ ਘਰ ਕਿੰਨਾ ਸੁੰਦਰ ਹੈ। (ਵਿਸ਼ਮਿਕ ਵਾਕ ਤੋਂ ਸਰਲ ਵਾਕ ਬਣਾਉ)
2) ਮੈਂ ਚਾਹੁੰਦੀ ਹਾਂ ਕਿ ਇਸ ਸਾਲ ਮੈਂ ਬਾਰਵੀਂ ਪਾਸ ਕਰ ਲਵਾਂ। (ਮਿਸ਼ਰਤ ਵਾਕ ਤੋਂ ਸਧਾਰਨ ਵਾਕ ਬਣਾਉ)
3) ਹਰਜੀਤ ਪੜ੍ਹਾਈ ਦੇ ਨਾਲ- ਨਾਲ ਖੇਡਣ ਵਿੱਚ ਵੀ ਚੰਗਾ ਹੈ। (ਸਧਾਰਨ ਵਾਕ ਤੋਂ ਸੰਯੁਕਤ ਵਾਕ ਬਣਾਉ)
4) ਕੀ ਉਹ ਬੁਰੇ ਕੰਮ ਕਰਨ ਤੋਂ ਨਹੀਂ ਡਰਦਾ ? (ਪ੍ਰਸ਼ਨਿਕ ਵਾਕ ਤੋਂ ਸਧਾਰਨ ਵਾਕ ਬਣਾਉ)

10. (ੳ) ਨਿਮਨ ਲਿਖਤ ਮੁਹਾਵਰਿਆਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਇੰਵ ਵਰਤੋ ਕਿ ਅਰਥ ਸਪਸ਼ਟ ਹੋ ਜਾਣ :-

1) ਤੀਰ ਹੋ ਜਾਣਾ 2) ਮਿੱਟੀ ਦਾ ਮਾਧੋ ਹੋਣਾ 3) ਲਾਲ- ਪੀਲਾ ਹੋਣਾ

4) ਮੁੱਠੀ ਗਰਮ ਕਰਨਾ 5) ਟਾਲ- ਮਟੋਲ ਕਰਨੀ **4 x 1 = 4**

(ਅ) ਹੇਠਾਂ ਲਿਖੇ ਅਖਾਣ ਕਿਹੜੇ ਮੌਕਿਆਂ ਤੇ ਵਰਤੇ ਜਾਂਦੇ ਹਨ : **3 x 1 = 3**

1) ਰੱਜ ਨੂੰ ਚੱਜ, ਆ ਜਾਂਦਾ ਹੈ। 2) ਲਿਖੇ ਮੂਸਾ, ਪੜ੍ਹੇ ਖੁਦਾ

3) ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ

11. ਹੇਠਾਂ ਲਿਖੇ ਪ੍ਹੈਰੇ ਨੂੰ ਪੜ੍ਹ ਕੇ ਇਸ ਵਿੱਚੋਂ ਯੋਜਕ, ਸੰਬੰਧਕ ਤੇ ਕਿਰਿਆ ਚੁਣ ਕੇ ਉਨ੍ਹਾਂ ਦੀਆਂ ਕਿਸਮਾਂ ਵੀ ਲਿਖੋ :-

ਲੱਕੜਹਾਰਾ ਰੋਜ ਜੰਗਲ ਵਿੱਚ ਲੱਕੜਾਂ <u>ਕੱਟਣ ਜਾਂਦਾ ਸੀ</u>। ਇਕ ਦਿਨ ਉਹ ਨਦੀ <u>ਦੇ</u> ਕੰਢੇ ਲੱਕੜਾਂ ਕੱਟ ਰਿਹਾ ਸੀ। ਕਿ ਉਸ ਦੀ ਕੁਹਾੜੀ ਨਦੀ ਵਿੱਚ ਡਿੱਗ ਪਈ। ਉਹ ਨਦੀ ਕੰਢੇ ਬੈਠਾ <u>ਅਤੇ</u> ਉਚੀ- ਉਚੀ ਰੋਣ ਲਗਾ। **6 x ½ = 3**

12. ਹੇਠਾਂ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉਤੱਰ ਲਿਖੋ :-

ਦੁੱਲਾ ਭੱਟੀ ਦਾ ਜਨਮ 1547 ਈ: ਨੂੰ ਹਾਫ਼ਿਜਾਬਾਦ ਪਾਕਿਸਤਾਨ ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂ ਫਰੀਦ ਖਾਂ ਭੱਟੀ ਅਤੇ ਮਾਤਾ ਦਾ ਨਾਂ ਲੱਧੀ ਸੀ। ਦੁੱਲਾ ਬਚਪਨ ਤੋਂ ਹੀ ਬਹੁਤ ਬਹਾਦਰ ਅਤੇ ਅਣਖੀਲਾ ਸੀ। ਉਸ ਨੇ ਗਰੀਬ ਬ੍ਰਾਹਮਣ ਦੀਆਂ ਧੀਆਂ ਸੁੰਦਰੀ ਤੇ ਮੁੰਦਰੀ ਦੇ ਵਿਆਹ ਆਪਣੇ ਹੱਥੀਂ ਕਰਾਏ ਸਨ। ਲੋਹੜੀ ਦੇ ਤਿਉਹਾਰ ਤੇ ਪੰਜਾਬ ਵਿੱਚ ਦੁੱਲੇ ਨੂੰ ਅੱਜੇ ਵੀ ਯਾਦ ਕੀਤਾ ਜਾਂਦਾ ਹੈ। ਅੱਜ ਦੇਸ਼ ਨੂੰ ਦੁੱਲੇ ਭੱਟੀ ਵਰਗੇ ਸੂਰਮਿਆਂ ਦੀ ਲੋੜ ਹੈ।

1) ਦੁੱਲੇ ਭੱਟੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ? **1 + 1 + 1 = 3**
2) ਕਿਸ ਤਿਉਹਾਰ ਉਤੇ ਦੁੱਲੇ ਭੱਟੀ ਨੂੰ ਯਾਦ ਕੀਤਾ ਜਾਂਦਾ ਹੈ ?
3) ਅੱਜ ਸਮਾਜ ਨੂੰ ਕਿਸ ਤਰ੍ਹਾਂ ਦੇ ਨੋਜਵਾਨਾਂ ਦੀ ਲੋੜ ਹੈ ?

13. ਤੁਹਾਡਾ ਭਰਾ ਫਿਲਮਾਂ ਬਹੁਤ ਵੇਖਦਾ ਹੈ। ਉਸ ਨੂੰ ਫਿਲਮਾਂ ਘੱਟ ਵੇਖਣ ਤੇ ਪੜ੍ਹਾਈ ਵੱਲ੍ਹ ਵਧੇਰੇ ਧਿਆਨ ਦੇਣ ਲਈ ਪ੍ਰੇਰਨਾ ਭਰਿਆ ਪਤੱਰ ਲਿਖੋ। 6

14. ਕਿਸੇ ਇੱਕ ਵਿਸ਼ੇ ਉਤੇ ਲੇਖ ਲਿਖੋ :- (ਲਗਭਗ ਸ਼ਬਦ 150 ਤੋਂ 200) 6

1) ਚੰਗੇ ਵਿਦਿਆਰਥੀ ਦੇ ਗੁਣ 2) ਵਿਗਿਆਨ ਦੇ ਚਮਤਕਾਰ